ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 27 ਦਸੰਬਰ, 1998

ਵਿਚਾਰ-ਚਰਚਾ — ਗੁਰਸ਼ਰਨ ਸਿੰਘ

# ਇੱਕ ਪਾਸੇ ਖੁਦਕੁਸ਼ੀਆਂ, ਇਕ ਪਾਸੇ ਫ਼ਜ਼ੂਲ ਖਰਚੀਆਂ

ਅਖ਼ਬਾਰਾਂ ਦੇ ਇਕ ਸਰਵੇਖਣ ਅਨੁਸਾਰ ਪੰਜਾਬ ਵਿਚ 1998 ਵਿਚ ਦੋ ਮਹੱਤਵਪੂਰਨ ਘਟਨਾਵਾਂ ਵਾਪਰੀਆਂ ਹਨ। ਇਕ ਕਿ ਪੰਜਾਬ ਸਰਕਾਰ ਦੀਵਾਲੀਆ ਹੋ ਗਈ ਹੈ ਤੇ ਦੂਜੀ ਬਾਦਲ ਅਤੇ ਟੌਹੜਾ ਆਪਸ ਵਿਚ ਲੜ ਪਏ ਹਨ। ਮਨਜੀਤ ਸਿੰਘ ਕਲਕੱਤਾ ਦੇ ਘਰ ਇਕੱਠੇ ਹੋਏ ਪਰ ਆਪਸ ਵਿਚ ਬੋਲੇ ਨਹੀਂ। ਖ਼ਬਰਾਂ ਜਿਸ ਤਰ੍ਹਾਂ ਜੋੜੀਆਂ ਗਈਆਂ ਹਨ, ਉਸ ਅਨੁਸਾਰ ਦੋਨਾਂ ਦੀ ਬਰਾਬਰ ਦੀ ਮਹੱਤਤਾ ਹੈ। ਪਰ ਜਿੱਥੋਂ ਤੱਕ ਪੰਜਾਬ ਦੇ ਸਾਧਾਰਨ ਲੋਕਾਂ ਦਾ ਸਬੰਧ ਹੈ। ਬਾਦਲ ਟੌਹੜਾ ਟਕਰਾਅ ਉਹਨਾਂ ਦੀ ਜ਼ਿੰਦਗੀ ਤੇ ਕੋਈ ਅਸਰ ਨਹੀਂ ਪਾਂਦਾ। ਹਾਂ ਕੁਝ ਲੋਕਾਂ ਤੇ ਜ਼ਰੂਰ ਅਸਰ ਪੈਂਦਾ ਹੈ ਜੋ ਅਹੁਦਿਆਂ ਦੀ ਦੌੜ ਵਿਚ ਸ਼ਾਮਲ ਹਨ। ਜਿਥੋਂ ਤੱਕ ਪੰਜਾਬ ਸਰਕਾਰ ਦਾ ਦੀਵਾਲੀਆ ਹੋਣਾ ਹੈ ਇਹ ਸਾਧਾਰਨ ਲੋਕਾਂ ਉੱਤੇ ਬੜਾ ਡੂੰਘਾ ਅਸਰ ਰੱਖਦਾ ਹੈ। ਇਸ ਬਾਰੇ ਚੇਤਨ ਲੋਕਾਂ ਦਾ ਫ਼ਿਕਰ ਬਹੁਤ ਜ਼ਰੂਰੀ ਹੈ ਸਰਕਾਰੀ ਨੌਕਰੀਆਂ ਉੱਤੇ ਪੂਰੀ ਤਰ੍ਹਾਂ ਰੁਕਾਵਟ ਲੱਗ ਗਈ ਹੈ। ਕੋਈ ਨਵੀਂ ਭਰਤੀ ਨਹੀਂ ਹੋਵੇਗੀ। ਵਿਕਾਸ ਪ੍ਰਜੈਕਟ ਠੱਪ ਹੋ ਗਏ ਹਨ। ਆਮ ਆਦਮੀ ਦੀਆਂ ਤੰਗੀਆਂ ਵਿਚ ਵਾਧਾ ਹੀ ਵਾਧਾ ਹੈ। ਪਰ ਇਹ ਵੀ ਇਕ ਤ੍ਰਾਸਦੀ ਹੈ ਕਿ ਆਮ ਆਦਮੀ ਨੂੰ ਇਹਨਾਂ ਤੰਗੀਆਂ ਦੇ ਕਾਰਨ ਦਾ ਪਤਾ ਹੀ ਨਹੀਂ ਲੱਗੇਗਾ। ਇਹ ਕਾਰਨ ਦੇਸ਼ ਦੀਆਂ ਆਰਥਿਕ ਨੀਤੀਆਂ ਹਨ ਜਿਹਨਾਂ ਦਾ ਅੱਗੋਂ ਸਬੰਧ ਸੰਸਾਰ ਮਾਰਕਿਟ ਨਾਲ ਹੈ। ਆਰਥਿਕਤਾ ਦੀ ਗੱਲ ਜਦੋਂ ਹੁੰਦੀ ਹੈ, ਉਹ ਅੰਕੜਿਆਂ ਦੀ ਬੋਲੀ ਵਿਚ ਕੀਤੀ ਜਾਂਦੀ ਹੈ। ਹੁਣ ਸਾਧਾਰਨ ਬੰਦੇ ਨੂੰ ਸਮਝ ਨਹੀਂ ਪਵੇਗੀ ਕਿ 9ਵੀਂ ਪਲਾਨ ਜਿਹੜੀ ਅਗਲੇ ਸਾਲ ਤੋਂ ਚਾਲੂ ਹੋਏਗੀ, ਉਹਦੀਆਂ ਸਾਰੀਆਂ ਗਿਣਤੀਆਂ-ਮਿਣਤੀਆਂ ਇਸ ਤੱਥ 'ਤੇ ਆਧਾਰਤ ਹਨ ਕਿ ਸਾਲ 1998-99 ਤੋਂ ਵਿਕਾਸ ਦਰ 7-8 ਫੀਸਦੀ ਹੋਵੇਗਾ ਪਰ ਇਹ ਵਿਕਾਸ ਹੋਇਆ 5-6 ਫੀਸਦੀ, ਯਾਨੀ ਚੌਥਾ ਹਿੱਸਾ ਘੱਟ ਹੋਇਆ ਹੈ। ਇਸ ਕਰਕੇ ਜ਼ਰੂਰੀ ਹੈ ਕਿ ਪਲਾਨ ਤੇ ਇਸਦਾ ਅਸਰ ਪਏ। ਸਿਸਟਮ ਨੂੰ ਚੱਲਦਾ ਰੱਖਣ ਲਈ ਬਾਹਰਲੀ ਦੁਨੀਆ ਤੋਂ ਕਰਜ਼ਾ ਲੈਣਾ ਪਵੇਗਾ। ਸ਼ਾਹ ਐਵੇਂ ਤਾਂ ਕਰਜ਼ਾ ਦੇਂਦਾ ਨਹੀਂ, ਉਹਦੀਆਂ ਸ਼ਰਤਾਂ ਹੋਣਗੀਆਂ। ਇਹਨਾਂ ਸ਼ਰਤਾਂ ਦਾ ਨੁਕਸਾਨ ਆਮ ਆਦਮੀ ਨੂੰ ਭੁਗਤਣਾ ਪੈਣਾ ਹੈ। ਇਹ ਪੇਟੈਂਟ ਬਿਲ ਜੋ ਪਾਰਲੀਮੈਂਟ ਵਿਚ ਪਾਸ ਹੋ ਰਹੇ ਹਨ, ਇਹ ਸਾਰੇ ਦੇ ਸਾਰੇ ਵਿਸ਼ਵ ਸ਼ਾਹਾਂ ਦੀ ਮਰਜ਼ੀ ਦੇ ਅਨੁਸਾਰ ਹਨ। ਕਿਸਾਨ ਦਾ ਆਪਣੀ ਖੇਤੀ ਤੇ ਕੋਈ ਕੰਟਰੋਲ ਨਹੀਂ ਹੋਵੇਗਾ। ਵਿਸ਼ਵ ਸ਼ਾਹਾਂ ਦਾ ਹੁਕਮ ਚੱਲੇਗਾ। ਕਿਸਾਨ ਨੇ 1947 ਦੇ ਮੁਕਾਬਲੇ ਤੇ 8 ਗੁਣਾ ਵੱਧ ਪੈਦਾ ਕੀਤਾ ਪਰ ਹੋ ਉਹ ਕੰਗਾਲ ਗਿਆ ਹੈ।

ਸੋ ਇਹਨਾਂ ਹਾਲਤਾਂ ਵਿਚ ਉਹਨੇ ਸੰਘਰਸ਼ ਵਿੱਢਣੇ ਹੀ ਵਿੱਢਣੇ ਹਨ। ਇਹ ਸੰਘਰਸ਼ ਹੀ ਇਕੋ ਰਾਹ ਹੈ, ਜਿਸਨੇ ਦੇਸ਼ ਦੀਆਂ ਗਰੀਬ ਦੁਸ਼ਮਣ ਆਰਥਕ ਨੀਤੀਆਂ ਨੂੰ ਬਦਲਣਾ ਹੈ। ਵਿਕਾਸ ਲਈ ਜ਼ਰੂਰੀ ਹੈ ਕਿ ਸਰਕਾਰ ਆਪਣੀਆਂ ਸਾਰੀਆਂ ਫ਼ਜ਼ੂਲ ਖਰਚੀਆਂ ਬੰਦ ਕਰੇ। ਬਾਦਲ ਸਾਹਿਬ ਦੀ ਸਿਹਤ ਜੇਕਰ ਇਜਾਜ਼ਤ ਨਹੀਂ ਦੇਂਦੀ ਕਿ ਉਹ ਕਾਰ ਉੱਤੇ ਸਫ਼ਰ ਕਰਨ ਤਾਂ ਜ਼ਰੂਰੀ ਨਹੀਂ ਕਿ ਉਹ ਸਫ਼ਰ ਕਰਨ ਤੇ ਹੈਲੀਕੋਪਟਰ ਦਾ ਲੱਖਾਂ ਦਾ ਖਰਚ ਸਰਕਾਰੀ ਖਾਤੇ ਵਿਚ ਪਾਉਣ। ਵਜ਼ੀਰਾਂ ਦੀ ਗਿਣਤੀ ਘੱਟ ਤੋਂ ਘੱਟ ਕੀਤੀ ਜਾਵੇ। ਇਹ ਪੰਜਾਬ ਕਿੰਨਾ ਕੁ ਹੈ ਕਿ ਵਜ਼ੀਰਾਂ ਦੀ ਫੌਜ ਦੀ ਲੋੜ ਹੈ। ਹੁਣ ਟੌਹੜੇ ਦੇ ਪੰਜ ਹਾਮੀਆਂ ਨੇ ਵਜ਼ੀਰੀ ਤੋਂ ਅਸਤੀਫ਼ਾ ਦੇ ਦਿੱਤਾ ਹੈ, ਪੰਜਾਬ ਸਰਕਾਰ ਦਾ ਕੋਈ ਕੰਮ ਖਲੋ ਨਹੀਂ ਗਿਆ। 10 ਹੋਰ ਘਟ ਜਾਣ ਤਾਂ ਵੀ ਸਰਕਾਰ ਦਾ ਕੰਮ ਚੱਲਦਾ ਰਹੇਗਾ। 10 ਕੀ 15 ਘਟ ਜਾਣ, 20 ਘਟ ਜਾਣ ਤਾਂ ਵੀ ਕੰਮ ਚੱਲੇਗਾ। ਇਹਦੇ ਨਾਲ ਇਕ ਮਹੀਨੇ ਵਿਚ ਕਰੋੜਾਂ ਦਾ ਖਰਚ ਘਟ ਜਾਏਗਾ, ਇਹ ਗੱਲਾਂ ਉੱਚੀ ਆਵਾਜ਼ ਵਿਚ ਹੋਣੀਆਂ ਚਾਹੀਦੀਆਂ ਹਨ। ਵੱਡੇ ਜ਼ਿਮੀਂਦਾਰਾਂ ਜਾਂ ਜਗੀਰਦਾਰਾਂ ਨੂੰ ਮੁਫ਼ਤ ਬਿਜਲੀ ਦੇਣਾ, ਇਹ ਕਿਥੋਂ ਦੀ ਮਜਬੂਰੀ ਹੈ। ਕਿਸਾਨ ਮੁਫ਼ਤ ਬਿਜਲੀ ਨਹੀਂ ਸਗੋਂ ਬਿਜਲੀ ਦੀ ਸਪਲਾਈ ਦਾ ਪ੍ਰਬੰਧ ਠੀਕ ਕਰਨਾ ਮੰਗਦੇ ਹਨ। ਹੁਣ ਸੰਕਟ ਹੈ ਤਾਂ ਸੱਤ ਏਕੜ ਤੋਂ ਵੱਧ ਜਿਹਨਾਂ ਦੀ ਜ਼ਮੀਨ ਹੈ, ਉਹਨਾਂ ਕੋਲੋਂ ਬਿਜਲੀ ਦੇ ਬਿਲ ਲਏ ਜਾਣ, ਸਗੋਂ ਪਿਛਲੀ ਤਰੀਕ ਤੋਂ ਲਏ ਜਾਣ। ਦੇਖੀਏ ਕਿਹੜਾ ਸਰਦਾਰ ਇਹਦੇ ਵਿਰੁੱਧ ਸੜਕ ਤੇ ਆਂਦਾ ਹੈ। ਸਾਰੇ ਬਿਲ ਦੇਣਗੇ ਕਿਉਂਕਿ ਉਹ ਬਿਲ ਦੇ ਸਕਦੇ ਹਨ। ਬਾਦਲ ਸਾਹਬ ਜਾਂ ਬਰਾੜ ਸਾਹਬ ਕਿਹੜਾ ਬਿਲ ਨਹੀਂ ਦੇ ਸਕਦਾ? ਅਮੀਰਾਂ ਦੀ ਆਯਾਸ਼ੀ ਤੇ ਵੱਡੇ ਟੈਕਸ ਲਗਾਏ ਜਾਣ। ਸਰਦਾਰਨੀ ਬਾਦਲ ਜੇ ਕਰੋੜਾਂ ਜਮਾਂ ਨਾ ਕਰੇ ਤਾਂ ਉਹਦੀ ਸਿਹਤ ਤੇ ਕੋਈ ਫ਼ਰਕ ਨਹੀਂ ਪੈਣ ਲੱਗਾ। 300 ਸਾਲਾ ਉੱਤਸਵ ਲਈ ਸਰਕਾਰੀ ਖਜ਼ਾਨੇ ਤੋਂ ਕੋਈ ਖਰਚ ਕਰਨਾ ਗੁਨਾਹ ਵਰਗੀ ਗੱਲ ਹੈ। ਇਹ ਸਭ ਕੁਝ ਕਹਿਣਾ ਇਸ ਲਈ ਜ਼ਰੂਰੀ ਹੈ ਕਿਉਂਕਿ ਪੰਜਾਬ ਦੀ ਛੋਟੀ ਕਿਸਾਨੀ ਦੀ ਜੋ ਮਾੜੀ ਹਾਲਤ ਹੋਈ ਹੈ, ਉਹ ਇਤਿਹਾਸ ਵਿਚ ਅੱਗੇ ਕਦੀ ਨਹੀਂ ਹੋਈ। ਐਵੇਂ ਨਹੀਂ ਕਿ ਕਿਸਾਨ ਖੁਦਕੁਸ਼ੀਆਂ ਕਰ ਰਿਹਾ। ਸੋ ਬੜੀ ਸਖ਼ਤ ਲੋੜ ਹੈ ਕਿ ਲੋਕ ਫਜ਼ੂਲ ਖਰਚੀਆਂ ਬਾਰੇ ਚੇਤਨ ਹੋਣ। ਖਾਲਸਾ ਮਾਰਚ ਜੰਮ-ਜੰਮ ਕਰਨ ਪਰ ਜ਼ਿੰਦਗੀ ਦੇ ਯਥਾਰਥ ਤੋਂ ਅੱਖ ਬੰਦ ਨਾ ਕਰਨ। ਇਹ ਸਮੇਂ ਦੀ ਲੋੜ ਹੈ।